# ਸਦਨ ਵਿਖੇ ਬਸੰਤ ਪੰਚਮੀ ਸਮਾਰੋਹ



ਸੂਫ਼ੀ ਗਾਇਕ ਬਰਕਤ ਸਿੱਧੂ ਤੇ ਉਨ੍ਹਾਂ ਦੀ ਸ਼ਿਸ਼ ਤਰਨਾ ਸੂਦ ਸੂਫ਼ੀ-ਗਾਇਨ ਪੇਸ਼ ਕਰਦੇ ਹੋਏ।

ਨਵੀਂ ਦਿੱਲੀ, 16 ਫਰਵਰੀ, ਸ਼ਨੀਵਾਰ: ਬਸੰਤ ਦੇ ਆਗਮਨ ਦਾ ਸੂਚਕ ਪੁਰਬ 'ਬਸੰਤ ਪੰਚਮੀ' ਤੇ ਸਦਨ ਵਿਖੇ ਇਕ ਸੰਗੀਤਕ ਸਵੇਰ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਉਘੇ ਸੂਫੀ ਗਾਇਕ ਬਰਕਤ ਸਿਧੂ ਨੇ ਮਹੱਤਵਪੂਰਨ ਸੂਫੀ ਰਚਨਾਵਾਂ ਪੇਸ਼ ਕੀਤੀਆਂ। ਮੋਗਾ ਨਿਵਾਸੀ ਅਤੇ ਪਟਿਆਲਾ ਘਰਾਨੇ ਨਾਲ ਸੰਬੰਧਤ ਰਹੇ ਬਰਕਤ ਸਿੱਧੂ ਨੇ ਆਪਣੇ ਨਿਵੇਕਲੇ ਅੰਦਾਜ਼ 'ਚ ਸੂਫੀ ਗਾਇਨ ਪੇਸ਼ ਕਰਦਿਆਂ ਸਰੋਤਿਆਂ ਨੂੰ ਬਸੰਤ ਦੀ ਅਧਿਆਤਮਿਕਤਾ 'ਚ ਰੰਗ ਦਿਤਾ। ਉਨ੍ਹਾਂ ਰਬਾ ਮੇਰੇ ਹਾਲ ਦਾ ਮਹਿਰਮ ਤੂੰ, ਹਥੀ ਢਿਲਕ ਪਈ ਮੇਰੀ ਚਰਖੇ ਦੀ, ਬੁਕਲ ਦੇ ਵਿਚ ਚੋਰ ਕੁੜੇ ਆਦਿ ਸੁੰਦਰ ਸੂਫੀ ਰਚਨਾਵਾਂ ਨੂੰ ਬੜੇ ਸੋਹਣੇ ਅੰਦਾਜ਼ 'ਚ ਪੇਸ਼ ਕੀਤਾ। ਨਾਲ ਹੀ ਉਨ੍ਹਾਂ ਦੀ ਸ਼ਿਸ਼ ਬੀਬੀ ਤਰਨਾ ਸੂਦ ਨੇ ਵੀ 'ਸਜਨ ਬਿਨ ਰਾਤੀਂ ਹੋਈਆਂ ਵਡੀਆਂ', 'ਮੇਰਾ ਸੋਹਣਾ ਸਜਨ ਆਇਆ ਨੀ' ਸਰੋਤਿਆਂ ਦੀ ਨਜ਼ਰ ਕੀਤਾ। ਕੁਦਰਤ ਦਾ ਹੁਲਾਸ ਜਿਵੇਂ ਗਾਇਕੀ 'ਚੋਂ ਲੋਕ-ਮਨਾਂ 'ਚ ਉਤਰ ਆਇਆ ਸੀ। ਸਦਨ ਦੇ ਕਾਨਫਰੰਸ ਹਾਲ ਦੇ ਬਾਹਰ ਲਾਅਨ 'ਚ ਜੇ ਬਸੰਤ ਦੇ ਫੁਲ ਖਿੜੇ ਸਨ ਤਾਂ ਅੰਦਰ ਰਚਨਾਵਾਂ ਦਾ ਅੰਬਰੀਜ਼ ਤੇ ਪੀਤਾਂਬਰੀ ਜਲੌ ਸਰੋਤਿਆਂ ਦੇ ਅੰਤਹਕਰਨ 'ਚ ਕਿਰਮਚੀ ਭਾਅ ਬਿਖੇਰ ਰਿਹਾ ਸੀ। ਬਸੰਤ ਦੇ ਰੰਗ 'ਚ ਖਿੜੀ ਇਸ ਸੰਗੀਤਕ ਸਵੇਰ ਦਾ ਆਯੋਜਨ ਭਾਈ ਵੀਰ ਸਿੰਘ ਸਾਹਿਤ ਸਦਨ ਅਤੇ ਪੰਜਾਬੀ ਅਕਾਦਮੀ ਦਿੱਲੀ ਦੇ ਮਿਲਵੇਂ ਸਹਿਯੋਗ ਰਾਹੀਂ ਹੋਇਆ ਜਿਸਦਾ ਸਰੋਤਿਆਂ ਨੇ ਪੂਰਾ ਲਾਹਾ ਲਿਆ। ਪ੍ਰੋਗਰਾਮ ਦੇ ਆਰੰਭ 'ਚ ਪੰਜਾਬੀ ਅਕਾਦਮੀ ਦੇ ਸਕੱਤਰ ਡਾ. ਰਵੇਲ ਸਿੰਘ ਨੇ ਪੁਰਬ ਅਤੇ ਗਾਇਕ ਬਰਕਤ ਸਿੱਧੂ ਬਾਰੇ ਦਸਦਿਆਂ ਆਏ ਸਭ ਸਰੋਤਿਆਂ ਨੂੰ ਜੀਓ ਆਇਆਂ ਕਿਹਾ। ਪ੍ਰੋਗਰਾਮ ਦੇ ਅਖੀਰ 'ਚ ਸਦਨ ਦੇ ਸੀਨੀਅਰ ਮੀਤ ਪ੍ਰਧਾਨ ਡਾ. ਜਸਵੰਤ ਸਿੰਘ ਨੇਕੀ ਨੇ ਬਸੰਤ ਤੇ ਸੰਗੀਤ ਦੇ ਸਮਵਿਥ ਮਨ ਦੇ ਅੰਤਰੀਵ ਰਹੱਸ ਤੇ ਸੁਹਜ ਨੂੰ ਆਪਣੇ ਮੁਬਾਰਕ ਬੋਲਾਂ ਰਾਹੀਂ ਸਰੋਤਿਆਂ ਨੂੰ ਸੰਬੋਧਿਤ ਹੁੰਦਿਆਂ ਗਾਇਕ ਬਰਕਤ ਸਿੱਧੂ, ਹਾਜ਼ਰ ਸਖਸ਼ੀਅਤਾਂ ਤੇ ਸਭ ਸਰੋਤਿਆਂ ਦਾ ਦਿਲੋਂ ਧੰਨਵਾਦ ਕੀਤਾ। ਡਾ. ਐਮ.ਐਸ. ਗਿੱਲ, ਸ਼੍ਰੀ ਕੁਲਦੀਪ ਨਈਅਰ, ਡਾ. ਰਘਬੀਰ ਸਿੰਘ, ਡਾ. ਸਵਰਾਜਬੀਰ, ਸ਼੍ਰੀ ਐਮ.ਐਲ.ਮੋਂਗੀਆ, ਸ. ਦਰਸ਼ਨ ਸਿੰਘ ਤੇ ਕਈ ਵਿਦੇਸ਼ੀ ਮਹਿਮਾਨਾਂ ਨੇ ਇਸ ਸਮਾਰੋਹ ਦਾ ਅਨੰਦ ਲਿਆ।

❑ ❑ ❑ ❑ ❑

